**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 1, JAN - 2022 Publication Date: 31/01/2022

DOIs:10.2018/SS/202201008 --:-- Research Article

# ਕਹਾਣੀ ਸੰਗ੍ਰਹਿ 'ਝੂਠ ਦੇ ਆਰ ਪਾਰ': ਰਿਸ਼ਤਿਆਂ ਦੇ ਬਦਲਦੇ ਸਮੀਕਰਣ

**ਡਾ.ਰਤਨਦੀਪ ਕੌਰ**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, ਦਿੱਲ ਯੂਨੀਵਰਸਿਟੀ, ਲੋਧੀ ਰੋਡ, ਨਵੀ ਦਿੱਲ - 110003
Email - rattandeepkaur.punjabi@dsc.du.ac.in

**Abstract:** ਬਲਵਿੰਦਰ ਸਿੰਘ ਬਰਾੜ ਦੀਆਂ ਕਹਾਣੀਆਂ ਰਿਸ਼ਤਿਆਂ ਦੇ ਵੱਖ ਵੱਖ ਬਦਲਦੇ ਸਮੀਕਰਣਾਂ ਨੂੰ ਉਜਾਗਰ ਕਰਦੀ ਹੈ। ਇਹ ਕਹਾਣੀਆਂ ਇਕ ਪਾਸੇ ਤਾਂ ਪਿੰਡ ਦੇ ਪੁਰਾਣੇ ਰਿਸ਼ਤਿਆਂ ਨੂੰ ਤੇ ਦੂਜੇ ਪਾਸੇ ਗਲੋਬਲ ਸਮਾਜ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਪਨਪ ਰਹੇ ਨਵੇਂ ਰਿਸ਼ਤਿਆਂ ਨੂੰ ਨਵੇਂ ਜਾਵੀਏ ਤੋਂ ਸਮਝਾਉਂਦੀਆਂ ਨਜ਼ਰ ਆਉਂਦੀਆਂ ਹਨ। ਇਸਦੇ ਪਾਤਰ ਕਦੀ ਦੁਖੀ, ਕਦੀ ਸੁਖੀ ਹੁੰਦੇ, ਰਿਸ਼ਤਿਆਂ ਦੇ ਹੱਥੋਂ ਡੰਗੇ ਜਾਂਦੇ ਤੇ ਫਿਰ ਅਖੀਰ ਖੁਦ ਨੂੰ ਸੰਭਾਲਦੇ ਨਜ਼ਰ ਆਉਂਦੇ ਹਨ। ਹਥਲਾ ਪਰਚਾ, ਕਹਾਣੀਆਂ ਵਿਚ ਪੇਸ਼ ਇਹਨਾਂ ਹੀ ਬਦਲਦੇ ਸਮੀਕਰਣਾਂ ਨੂੰ ਸਮਝਾਉਣ ਦਾ ਜਤਨ ਕਰਦਾ ਹੈ।

**Key Words:** ਰਿਸ਼ਤਿਆਂ ਦੇ ਬਦਲਦੇ ਸਮੀਕਰਣ, ਝੂਠ ਦੇ ਆਰ ਪਾਰ, ਬਲਵਿੰਦਰ ਸਿੰਘ ਬਰਾੜ, ਪੰਜਾਬੀ ਕਹਾਣੀ

## 1. ਭੂਮਿਕਾ :

ਝੂਠ ਦੇ ਆਰ ਪਾਰ ਬਲਵਿੰਦਰ ਸਿੰਘ ਬਰਾੜ ਦਾ ਦੂਜਾ ਕਹਾਣੀ ਸੰਗ੍ਰਹਿ ਹੈ, ਜੋ ਕਿ 2019 ਵਿਚ ਪ੍ਰਕਾਸ਼ਿਤ ਹੋਇਆ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ਸ਼ੋਅ ਕੇਸ ਵਿਚ ਰੱਖਿਆ ਤਾਜ ਮਹਿਲ 2011 ਵਿਚ ਛੱਪਿਆ ਸੀ। ਬਲਵਿੰਦਰ ਸਿੰਘ ਬਰਾੜ ਦੀ ਖਾਸੀਅਤ ਇਸ ਗੱਲ ਵਿਚ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਵੱਖ-ਵੱਖ ਪਿਛੋਕੜ ਨਾਲ ਸੰਬੰਧਿਤ ਪਾਤਰਾਂ ਨੂੰ ਪੇਸ਼ ਕਰਣ ਵੇਲੇ ਇੱਕੋ ਜਿਹੀ ਸਮਰਥਾ ਦੀ ਵਰਤੋਂ ਕਰਦਾ ਹੈ।ਆਪਣੇ ਵਿਵਿਧ ਤਜਰਬੇ, ਪਿੰਡ ਅਤੇ ਸ਼ਹਿਰ ਦੋਹਾਂ ਵਿਚ ਰਹਿਣ ਦੇ ਮੌਕਿਆਂ ਅਤੇ ਪੰਜਾਬੀ ਜੀਵਨ ਦੇ ਤਜਰਬਿਆਂ ਕਾਰਣ ਹੀ ਬਰਾੜ ਦੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੀ ਇੰਨੀ ਡੂੰਘੀ ਸਮਝ ਨਜ਼ਰ ਆਉਂਦੀ ਹੈ। ਇਕ ਪਾਸੇ ਤਾਂ ਪਿੰਡ ਦੇ ਪੁਰਾਣੇ ਰਿਸ਼ਤੇ ਹਨ ਤੇ ਦੂਜੇ ਪਾਸੇ ਗਲੋਬਲ ਸਮਾਜ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਪਨਪ ਰਹੇ ਨਵੇਂ ਰਿਸ਼ਤੇ। ਬਰਾੜ ਦੀਆਂ ਕਹਾਣੀਆਂ ਰਿਸ਼ਤਿਆਂ ਨੂੰ ਨਵੇਂ ਜਾਵੀਏ ਤੋਂ ਸਮਝਾਉਂਦੀਆਂ ਨਜ਼ਰ ਆਉਂਦੀਆਂ ਹਨ।

## 2. ਖੋਜ ਕਾਰਜ ਦਾ ਉਦੇਸ਼:

੧. ਬਲਵਿੰਦਰ ਸਿੰਘ ਬਰਾੜ ਦੇ ਕਹਾਣੀ ਸੰਗ੍ਰਹਿ ਝੂਠ ਦੇ ਆਰ ਪਾਰ ਦਾ ਵਿਸ਼ਲੇਸ਼ਣ ਕਰਨਾ।
੨. ਕਹਾਣੀ ਸੰਗ੍ਰਹਿ ਝੂਠ ਦੇ ਆਰ ਪਾਰ ਵਿਚ ਪੇਸ਼ ਹੋਏ ਰਿਸ਼ਤਿਆਂ ਦੇ ਬਦਲਦੇ ਸਮੀਕਰਨਾਂ ਨੂੰ ਸਮਝਣਾ।
੩. ਮਾਡਰਨ ਸਮਾਜ ਅਤੇ ਗਲੋਬਲ ਪਰਿਪੇਖ ਦੇ ਸਿੱਟੇ ਵੱਜੋਂ ਰਿਸ਼ਤਿਆਂ ਵਿਚ ਆ ਰਹੇ ਬਦਲਾਵ ਨੂੰ ਸਮਝਣਾ।

## 3. ਖੋਜ ਪੱਤਰ:

ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਸ਼ੁਰੂ ਤੋਂ ਹੀ ਬਹੁਤ ਅਮੀਰ ਪਰੰਪਰਾ ਰਹੀ ਹੈ। ਪਰ ਅੱਜ ਦੀ ਯੁਵਾ ਪੀੜ੍ਹੀ ਸੋਸ਼ਲ ਮੀਡੀਆ,ਵਿਸ਼ਵੀਕਰਣ ਅਤੇ ਹੋਰ ਪ੍ਰਭਾਵਾਂ ਅਧੀਨ ਆ ਕੇ ਇਸ ਦਾ ਲਗਾਤਾਰ ਘਾਣ ਕ ਰ ਰਹੀ ਹੈ। ਧੋਖੇਬਾਜ਼ੀ, ਮਕਾਨਕੀ ਰਿਸ਼ਤੇ, ਅਯਾਸ਼ੀ ਕਰਨਾ, ਸ਼ਰਾਬ ਤੇ ਸਿਗਰੇਟ ਪੀਣਾ ਇਹਨਾਂ ਲਈ ਆਮ ਗੱਲ ਹੈ। ਤਕਨਾਲੋਜੀ ਅਤੇ ਵਿਸ਼ਵੀਕਰਣ ਨੇ ਮਨੁੱਖ ਨੂੰ ਜ਼ਿੰਦਗੀ ਆਸਾਨ ਤੇ ਬਹਿਤਰ ਬਣਾਉਣ ਦੇ ਸਾਧਨ ਜ਼ਰੂਰ ਦਿੱਤੇ ਹਨ ਪਰ ਉਸਦੇ ਨਾਲ ਹੀ ਇਸਦੇ ਕੁਝ ਮਾਰੂ ਪ੍ਰਭਾਵ ਵੀ ਵੇਖਣ ਵਿਚ ਆਉਂਦੇ ਹਨ। ਮਾਰਡਨ ਜ਼ਿੰਦਗੀ ਜੀਉਣ ਦੇ ਨਾਮ ਤੇ ਅੱਜ ਦੀ ਯੁਵਾ ਪੀੜ੍ਹੀ ਰਿਸ਼ਤਿਆਂ ਨੂੰ ਤੋੜਦੀ-ਮਰੋੜਦੀ, ਡੰਗਦੀ ਅਤੇ ਧੋਖਾ ਦਿੰਦੀ ਹੈ ਅਤੇ ਰਿਸ਼ਤਿਆਂ ਨੂੰ ਭੁੱਲ ਕੇ ਆਪਣੀ ਸਵੈ-ਇੱਛਾ ਦੀ ਪੂਰਤੀ ਵਿਚ ਲੱਗੀ ਹੈ। ਬਰਾੜ ਦੀਆਂ ਕਹਾਣੀਆਂ ਰਿਸ਼ਤਿਆਂ ਦੇ ਇਹਨਾਂ ਵੱਖ ਵੱਖ ਬਦਲਦੇ ਸਮੀਕਰਣਾਂ ਨੂੰ ਉਜਾਗਰ ਕਰਦੀ ਪ੍ਰਤੀਤ ਹੁੰਦੀ ਹੈ।

ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਹੀ ਕਹਾਣੀ (*ਭੁਚਾਲ*) ਅੱਜ ਦੇ ਮਾਰਡਨ (modern) ਸਮਾਜ ਵਿਚਲੇ ਰਿਸ਼ਤਿਆਂ ਦਾ ਸੱਚ ਉਘਾੜ ਕੇ ਸਾਡੇ ਸਾਹਮਣੇ ਰਖ ਦਿੰਦੀ ਹੈ। ਕਹਾਣੀ ਦੀ ਮੁੱਖ ਪਾਤਰ ਹਰਨਾਮੋ ਸੱਤਰ ਵਰਿਆਂ ਨੂੰ ਪਾਰ ਕਰ ਚੁਕੀ ਹੈ। ਉਸਦੀ ਅੱਖਾਂ ਦੀ ਰੌਸ਼ਨੀ ਜਾ ਚੁਕੀ ਹੈ। ਇਕ

ਪਾਸੇ ਉਸਦੀ ਨੂੰਹ ਨੇ ਉਸਦਾ ਸਾਰਾ ਸੋਨਾ ਲੈ ਕੇ ਉਸਦੀ ਬਾਤ ਪੁੱਛਣੀ ਬੰਦ ਕਰ ਦਿੱਤੀ ਹੈ। ਦੂਜੇ ਪਾਸੇ ਉਸਦੇ ਪੁੱਤਰ ਚਰਨਜੀਤ ਨੇ ਵੀ ਘਰੇਲੂ ਝਗੜਿਆਂ ਤੋਂ ਬੱਚਣ ਅਤੇ ਪੈਸੇ ਕਮਾਉਣ ਦੇ ਝੰਜਟ ਕਰਕੇ ਉਸ ਕੋਲ ਬਹਿਣਾ ਜਾਂ ਗੱਲ ਕਰਨਾ ਤਾਂ ਦੂਰ ਉਸ ਦਾ ਹਾਲ ਚਾਲ ਪੁੱਛਣਾ ਵੀ ਬੰਦ ਕਰ ਦਿੱਤਾ ਹੈ। ਜਿਸ ਔਰਤ ਨੇ ਆਪਣੇ ਪੁੱਤਰ ਨੂੰ ਹਜ਼ਾਰ ਮੁਸ਼ਕਿਲਾਂ ਸਹਿ ਕੇ ਪਾਲ ਪੋਸ ਕੇ ਵੱਡਾ ਕੀਤਾ ਉਸਨੂੰ ਆਪਣੇ ਹੀ ਘਰ ਵਿਚ ਇਕ ਬੋਝ ਵਾਂਗ ਰਹਿਣ ਤੇ ਮਜਬੂਰ ਹੋਣਾ ਪਿਆ ਕਿਉਂ ਜੋ ਉਹ ਹੁਣ ਕਿਸੇ ਫਾਇਦੇ ਦੀ ਨਹੀਂ ਸੀ।

ਅੱਜ ਦੇ ਸਮਾਜ ਵਿਚ ਰਿਸ਼ਤਿਆਂ ਦੀ ਪਹਿਲੀ ਤ੍ਰਾਸਦੀ ਇਹੀ ਹੈ ਕਿ ਕੰਮਕਾਰ ਅਤੇ ਹੋਰ ਹੋਰ ਪੈਸੇ ਕਮਾਉਣ ਦੇ ਬੋਝ ਹੇਠ ਦੱਬਾ ਮਨੁੱਖ ਇੰਨਾ ਵਿਅਸਤ ਹੈ ਕਿ ਆਪਣੇ ਰਿਸ਼ਤਿਆਂ ਲਈ ਵੀ ਉਸ ਕੋਲ ਸਮਾਂ ਨਹੀਂ ਹੈ। ਚਰਨਜੀਤ ਕਈਂ ਕਈਂ ਦਿਨ ਘਰ ਨਹੀਂ ਆਉਂਦਾ ਤੇ ਜੇ ਆਉਂਦਾ ਵੀ ਹੈ ਤਾਂ ਸਵੇਰੇ ਜਲਦੀ ਨਿਕਲਦਾ ਤੇ ਰਾਤੀ ਲੇਟ ਘਰ ਆਉਂਦਾ ਹੈ।

> ਉਸਦਾ ਪੁੱਤ ਚਰਨਜੀਤ ਕਿਸੇ ਕਪੜੇ ਵਾਲੀ ਕੰਪਨੀ ਵਿਚ ਮਾਰਕੀਟਿੰਗ ਦਾ ਕੰਮ ਕਰਦਾ ਸੀ। ਇਸਲਈ ਉਹਨੂੰ ਅਕਸਰ ਦੂਜੇ ਸ਼ਹਿਰਾਂ ਵਿਚ ਵੀ ਜਾਣਾ ਪੈਂਦਾ। ਕਈ ਵਾਰ ਉਹ ਕਈ-ਕਈ ਦਿਨ ਘਰ ਨਹੀਂ ਆਉਂਦਾ ਸੀ ਜਾਂ ਫਿਰ ਤੜਕੇ ਛੇਤੀ ਨਿਕਲ ਜਾਂਦਾ ਅਤੇ ਰਾਤੀਂ ਦੇਰ ਨਾਲ ਘਰ ਪਰਤਦਾ।[i]

ਹਰਨਾਮੋ ਦਾ ਇਕੋ ਇਕ ਸਹਾਰਾ ਉਸਦਾ ਪੋਤਰਾ ਸੰਨੀ ਸੀ ਜੋ ਕਿ ਲਗਭਗ 2 ਸਾਲਾਂ ਤੋਂ ਉਸਨੂੰ ਪੁੱਛਣਾ ਸ਼ੁਰੂ ਹੋ ਗਿਆ ਸੀ ।ਸੰਨੀ ਉਸ ਤੋਂ ਹਾਲ ਚਾਲ ਪੁੱਛਦਾ, ਉਸ ਲਈ ਠੰਡਾ ਪਾਣੀ ਲਿਆਉਂਦਾ ਅਤੇ ਕਈਂ ਵਾਰ ਉਸ ਕੋਲ ਸੌਂ ਵੀ ਜਾਂਦਾ। ਉਹ ਸੰਨੀ ਨੂੰ ਸੌ-ਸੌ ਵਾਰ ਦੁਆਵਾਂ ਦਿੰਦੀ ਕਿਉਂਕਿ ਉਸ ਕਰਕੇ ਹਰਨਾਮੋਂ ਦਾ ਇਕੱਲਾਪਨ ਦੂਰ ਹੋ ਜਾਂਦਾ ਸੀ।ਪਰ ਰਿਸ਼ਤਿਆਂ ਦੇ ਖੋਖਲੇਪਨ ਦਾ ਸਾਰਾ ਭੇਦ ਉਦੋਂ ਖੁਲਦਾ ਹੈ ਜਦ ਸੰਨੀ ਦੀ ਸੇਵਾ ਦੇ ਪਿੱਛੇ ਦਾ ਸਾਰਾ ਸਚ ਉਸਦੇ ਸਾਹਮਣੇ ਆਉਂਦਾ ਹੈ। ਗਵਾਂਢੀਆਂ ਦੀ ਕੁੜੀ ਪਿੰਕੀ ਨਾਲ, ਕਿਸੇ ਨੂੰ ਪਤਾ ਲੱਗੇ ਬਗ਼ੈਰ, ਰੰਗਰਲੀਆਂ ਮਨਾਉਣ ਲਈ ਸਭ ਤੋਂ ਸੁਰਖ਼ਿਅਤ ਇਸ ਅੰਨ੍ਹੀ ਬੁੱਢੀ ਦਾ ਹੀ ਕਮਰਾ ਸੀ।ਪਰ ਇਕੱਲੇਪਨ ਦਾ ਡਰ ਅਤੇ ਬਿਰਧ ਉਮਰ ਦੀ ਬੇਬਸੀ ਉਸਨੂੰ ਇਸ ਸਭ ਦੇ ਖਿਲਾਫ ਆਵਾਜ਼ ਬੁਲੰਦ ਕਰਣੋ ਰੋਕ ਲੈਂਦੀ ਹੈ।

ਬਿਰਧ ਲੋਕਾਂ ਦੇ ਹਾਸ਼ੀਏ ਦਾ ਜ਼ਿਕਰ ਇਹਨਾਂ ਕਹਾਣੀਆਂ ਵਿਚ ਕਈਂ ਥਾਵਾਂ ਤੇ ਆਉਂਦਾ ਹੈ। ਕਹਾਣੀ *ਨਵਾਂ ਸਾਲ ਪੁਰਾਣਾ ਸਾਲ* ਵਿਚ ਕਰਨਲ ਖੰਨਾ ਦੇ ਨੂੰਹ ਤੇ ਪੁੱਤਰ ਵੀ ਉਸ ਨਾਲ ਤੇ ਉਸਦੀ ਪਤਨੀ ਨਾਲ ਬਦਸਲੂਕੀ ਕਰਦੇ ਹਨ। ਉਹ ਆਪਣੇ ਮਾਂ ਪਿਉ ਨੂੰ ਇਕ ਇਕ ਸਾਲ ਦੋਵੇਂ ਪੁੱਤਰਾਂ ਨਾਲ ਰਹਿਣ ਲਈ ਸਿਰਫ ਉਹਨਾਂ ਦੇ ਮਕਾਨ ਦਾ ਕਿਰਾਇਆ ਲੈਣ ਲਈ ਕਹਿੰਦੇ ਹਨ। ਪਰ ਹੌਲੀ ਹੌਲੀ ਓਹਨਾਂ ਨੂੰ ਪੁੱਛਣਾ ਬਿਲਕੁਲ ਬੰਦ ਕਰ ਦਿੰਦੇ ਹਨ। ਫੌਜ ਵਿਚ ਚੰਗੇ ਔਹਦੇ ਉੱਤੋਂ ਰਿਟਾਇਰ ਹੋਇਆ ਕਰਨਲ ਆਪਣੀ ਪਤਨੀ ਦੇ ਕਹਿਣ ਤੇ ਪੁੱਤਰਾਂ ਦੀ ਸ਼ਰਤ ਮਨ ਤਾਂ ਲੈਂਦਾ ਹੈ ਪਰ ਉਸਨੂੰ ਆਪਣੇ ਅੰਦਰ ਇਕ ਖਾਲੀਪਨ ਮਹਿਸੂਸ ਹੋਣ ਲਗ ਪੈਂਦਾ ਹੈ। ਘਰ ਦਾ ਮਾਲਿਕ ਹੁੰਦੇ ਹੋਏ ਵੀ ਉਸਨੂੰ ਇਵੇਂ ਜਾਪਦਾ ਹੈ ਕਿ ਉਹ ਆਪਣੇ ਪੁੱਤਰਾਂ ਉੱਤੇ ਬੋਝ ਬਣ ਗਿਆ ਹੋਵੇ।

> ਚੁਹੱਤਰ ਨੂੰ ਪਾਰ ਕਰ ਚੁੱਕਿਆ ਕਰਨਲ ਖੰਨਾ ਜਿਸ ਅੰਦਰ ਅਜੇ ਵੀ ਜਵਾਨਾਂ ਵਾਂਗ ਜੋਸ਼ ਸੀ , ਹੁਣ ਆਪਣੇ ਆਪ ਨੂੰ ਬੇਕਾਰ ਅਤੇ ਫ਼ਾਲਤੂ ਬੁੱਢਾ ਸਮਝਣ ਲੱਗਾ । ਜਿਹੜਾ ਕਿਸੇ ਦੇ ਕੰਮ ਦਾ ਨਹੀਂ, ਸਗੋਂ ਆਪਣੀ ਔਲਾਦ ਉੱਤੇ ਬੋਝ ਹੈ।[ii]

ਪਛੱਮੀ ਸਮਾਜ ਸਭਿਆਚਾਰ ਦੀ ਨਕਲ ਕਰਣ ਵਿਚ ਸਾਡੀ ਨੌਜਵਾਨ ਪੀੜ੍ਹੀ ਮਾਂ ਪਿਆਂ ਦੀ ਇਜ਼ੱਤ ਕਰਨੀ ਵੀ ਭੁੱਲ ਗਈ ਹੈ। ਜਿਸ ਭਾਰਤੀ ਸਭਿਅਤਾ ਵਿਚ ਮਾਂ ਪਿਆਂ ਨੂੰ ਰਬ ਦਾ ਦਰਜਾ ਦਿੱਤਾ ਜਾਂਦਾ ਸੀ, ਮਾਰਡਨ ਸਮਾਜ ਵਿਚ ਉਹਨਾਂ ਦੀ ਗੱਲ ਨੂੰ ਆਪਣੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਸਮਝ ਲਿਆ ਜਾਂਦਾ ਹੈ। ਇੰਡੀਪੈਂਡੈਂਸ (Independence) ਦੇ ਨਾਮ ਤੇ ਇਹ ਨੌਜਵਾਨ ਪੀੜ੍ਹੀ ਆਪਣੇ ਹੀ ਰਿਸ਼ਤੇਦਾਰਾਂ, ਮਾਂ, ਪਿਉ ਅਤੇ ਭੈਣ-ਭਰਾ ਨੂੰ ਖੁਦਗਰਜ਼ ਹੋ ਕੇ ਟਕਰਦੀਆਂ ਹਨ। ਇਹ ਖੁਦਗਰਜ਼ੀ ਲਗਭਗ ਹਰ ਕਹਾਣੀ ਦੇ ਪਾਤਰ ਵਿਚ ਵੇਖਣ ਨੂੰ ਮਿਲਦੀ ਹੈ, ਸਿਰਫ ਓਹਨਾਂ ਦੇ ਨਾਂ ਅਤੇ ਸਥਿਤੀ ਹੀ ਬਦਲਦੀ ਹੈ। ਕਹਾਣੀ ਨਵਾਂ ਸਾਲ ਪੁਰਾਣਾ ਸਾਲ ਦੀਆਂ ਹੇਠ ਲਿਖੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ।

> ਕਰਨਲ ਖੰਨਾ ਅਤੇ ਉਹਦੀ ਪਤਨੀ ਉਹਨਾਂ ਨੂੰ ਟੋਕ ਦਿੰਦੇ। ਉਹ ਇਸ ਨੂੰ ਆਪਣੀ ਨਿਜੀ ਜ਼ਿੰਦਗੀ ਵਿਚ ਦਖ਼ਲ ਅੰਦਾਜ਼ੀ ਸਮਝਦੇ ਸਨ। ਉਹਨਾਂ ਨੂੰ ਲਗਦਾ ਕਿ ਬੁੱਢੇ ਬੁੱਢੀ ਦਾ ਦਿਮਾਗ ਖਰਾਬ ਹੋ ਗਿਆ ਹੈ।[iii]

ਇਹ ਕਹਾਣੀ ਅੱਜ ਦੇ ਸਮਾਜ ਦੇ ਮਕਾਨਕੀ ਰਿਸ਼ਤਿਆਂ ਵਲ ਵੀ ਸਾਡਾ ਧਿਆਨ ਖਿਚਦੀ ਹੈ ।ਇਕ ਇਨਸਾਨ ਜੋ ਮਸ਼ੀਨ ਬਣਿਆ ਸਿਰਫ ਪੈਸੇ ਕਮਾਉਣ ਵਿਚ ਰੁਝਾ ਹੈ ਤਾਂ ਦੂਜਾ ਵਿਅਕਤੀ ਬਿਨਾਂ ਭਾਵਨਾਵਾਂ ਦੇ ਸਿਰਫ ਆਪਣਾ ਫਾਇਦਾ ਸੋਚ ਕੇ ਚਲਦਾ ਜਾ ਰਿਹਾ ਹੈ ।ਤੀਜਾ ਵਿਅਕਤੀ ਉਹ ਹੈ ਜੋ ਆਪਣੀ ਮਜਬੂਰੀ ਕਰਕੇ ਸਭ ਜਾਣ ਕੇ ਵੀ ਅਣਜਾਣ ਬਣਿਆ ਬੈਠਾ ਹੈ। ਮਨੁੱਖਾਂ ਦਾ ਇਹੀ ਤਿਕੋਣ ਸਾਡੇ ਸਮਾਜ ਵਿਚਲੇ ਸਾਰੇ ਰਿਸ਼ਤਿਆਂ ਦਾ ਆਧਾਰ ਹੈ।

ਸਮਾਜਿਕ ਹਕੀਕਤ ਨੂੰ ਬਿਆਨਦੀਆਂ ਬਰਾੜ ਦੀਆਂ ਕਹਾਣੀਆਂ ਰਿਸ਼ਤਿਆਂ ਦੇ ਭ੍ਰਮ ਜਾਲ ਨੂੰ ਤੋੜਦੀਆਂ ਪ੍ਰਤੀਤ ਹੁੰਦੀਆਂ ਹਨ।ਵੱਖ ਵੱਖ ਰਿਸ਼ਤਿਆਂ ਦੇ ਵਿਚ ਆ ਰਹੀ ਖੁਦਗਰਜ਼ੀ, ਸਵੈ-ਕੇਂਦਰਿਤ ਰੁਚੀਆਂ ਅਤੇ ਮੋਹ ਵਿਹੀਨਤਾ ਦਾ ਜ਼ਿਕਰ ਇਹ ਕਹਾਣੀਆਂ ਬਾਰ ਬਾਰ ਕਰਦੀਆਂ ਹਨ। ਲਗਭਗ ਹਰ ਕਹਾਣੀ ਵਿਚ ਰਿਸ਼ਤੇ ਬਿਖਰਦੇ ਟੁੱਟਦੇ ਤੇ ਨਵੇਂ ਸਹਾਰੇ ਲਭਦੇ ਪ੍ਰਤੀਤ ਹੁੰਦੇ ਹਨ। ਕਹਾਣੀ *ਰਾਤ ਦੇ ਰਾਹੀ* ਵਿਚ ਮਨਪ੍ਰੀਤ ਅਤੇ ਕੰਚਨ ਨਾਲ ਉਹਨਾਂ ਦੇ ਆਪਣੇ ਹੀ ਧੋਖਾ ਕਰਦੇ ਹਨ ਪਰ ਉਹ ਟੁੱਟਦੇ ਨਹੀਂ ਸਗੋਂ ਇਕ ਦੂਜੇ ਵਿਚ ਸਹਾਰਾ ਲੱਭਦੇ ਹਨ। ਦੋਨਾਂ ਨੂੰ ਐਚ. ਆਈ. ਵੀ. ਦੀ ਬਿਮਾਰੀ ਹੈ। ਜਿੱਥੇ ਮਨਪ੍ਰੀਤ ਨੂੰ ਬਿਮਾਰੀ ਹੋਣ ਤੋਂ ਬਾਦ ਧੋਖਾ ਮਿਲਦਾ ਹੈ, ਕੰਚਨ ਨੂੰ ਬਿਮਾਰੀ ਤੋਂ ਪਹਿਲਾਂ। ਮਨਪ੍ਰੀਤ ਦੇ ਭਰਾ ਉਸਦੀ ਬਿਮਾਰੀ ਬਾਰੇ ਸੁਣ ਕੇ ਦੁਖੀ ਨਹੀਂ ਹੁੰਦੇ ਸਗੋਂ ਖੁਸ਼ ਹੁੰਦੇ ਹਨ ਕਿ ਹੁਣ ਮਨਪ੍ਰੀਤ ਦੇ ਹਿੱਸੇ ਦੀ ਜ਼ਮੀਨ ਵੀ ਓਹਨਾਂ ਨੂੰ ਮਿਲ ਜਾਏਗੀ ।ਸਾਰੀ ਦੀ ਸਾਰੀ ਕਹਾਣੀ ਖੁਦਗਰਜ਼ ਰਿਸ਼ਤਿਆਂ ਦੀ

ਖੁਦਗਰਜ਼ੀ ਨੂੰ ਬਿਆਨਦੀ ਨਜ਼ਰ ਆਉਂਦੀ ਹੈ।ਜਾਇਦਾਦ ਅਤੇ ਜ਼ਮੀਨ ਦਾ ਇਹ ਝਗੜਾ ਬਰਾੜ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਮੁੱਖ ਅੰਗ ਹੈ। ਪ੍ਰੋਪਰਟੀ ਤੇ ਕਾਬਜ਼ ਹੋਣ ਲਈ ਇਹ ਪਾਤਰ ਇਕ ਦੂਜੇ ਨੂੰ ਡੰਗਦੇ ਤੇ ਛੁਰੀ ਮਾਰਦੇ ਪ੍ਰਤੀਤ ਹੁੰਦੇ ਹਨ।

ਰਾਤ ਦੇ ਰਾਹੀ ਕਹਾਣੀ ਅੱਜ ਦੇ ਸਮਾਜ ਦਾ ਇਕ ਹੋਰ ਸੱਚ ਉਜਾਗਰ ਕਰਦੀ ਹੈ। ਸਮਾਜਕ ਤੌਰ ਉੱਤੇ ਆ ਰਹੀ ਆਪਸੀ ਨਮੋਸ਼ੀ, ਦੋਸਤੀ ਵਰਗੇ ਰਿਸ਼ਤਿਆਂ ਵਿਚ ਆ ਰਿਹਾ ਠੰਡਾਪਣ ਇਹਨਾਂ ਕਹਾਣੀਆਂ ਵਿਚ ਸਾਫ ਵੇਖਣ ਨੂੰ ਮਿਲਦਾ ਹੈ। ਮਨਪ੍ਰੀਤ ਨੂੰ ਐਚ. ਆਈ. ਵੀ ਭਾਵੇਂ ਹਸਪਤਾਲ ਵਾਲਿਆਂ ਦੀ ਗਲਤੀ ਦੀ ਵਜ੍ਹਾ ਨਾਲ ਹੁੰਦਾ ਹੈ ਪਰ ਸਾਰੇ ਪੜੋਸੀ, ਮਨਪ੍ਰੀਤ ਦੇ ਆਪਣੇ ਰਿਸ਼ਤੇਦਾਰ, ਇੱਥੇ ਤਕ ਕਿ ਉਸਦੇ ਸਾਰੇ ਬੇਲੀ ਉਸ ਨਾਲ ਬੜੀ ਬੇਰੁਖੀ ਨਾਲ ਪੇਸ਼ ਆਉਂਦੇ ਹਨ ਅਤੇ ਉਸ ਨਾਲ ਰਿਸ਼ਤਾ ਵੀ ਖਤਮ ਕਰ ਦਿੰਦੇ ਹਨ ।ਸਭ ਤੋਂ ਵੱਧ ਬੁਰਾ ਉਸਨੂੰ ਤਦ ਲਗਦਾ ਹੈ ਜਦ ਬੱਚਿਆਂ ਨੂੰ ਵੀ ਇਹ ਕਹਿ ਕੇ ਉਸ ਨਾਲ ਗੱਲ ਕਰਣ ਤੋਂ ਰੋਕ ਲਿਆ ਜਾਂਦਾ ਹੈ ਕਿ ਉਸ ਦੀ ਬਿਮਾਰੀ ਓਹਨਾਂ ਨੂੰ ਲਗ ਜਾਏਗੀ ।

ਵਿਆਹ ਹਮੇਸ਼ਾਂ ਤੋਂ ਹੀ ਸਾਡੇ ਸਮਾਜ ਦਾ ਇਕ ਮਹਤੱਵਪੂਰਣ ਤੇ ਜ਼ਰੂਰੀ ਅੰਗ ਰਿਹਾ ਹੈ। ਵਿਆਹ ਦਾ ਰਿਸ਼ਤਾ ਨਾ ਸਿਰਫ ਲਾੜਾ ਤੇ ਲਾੜੀ ਸਗੋਂ ਦੋ ਪਰਿਵਾਰਾਂ ਨੂੰ ਜੋੜਨ ਦਾ ਵੀ ਕੰਮ ਕਰਦਾ ਰਿਹਾ ਹੈ। ਪਰ ਅੱਜ ਦੇ ਸਮਾਜ ਵਿਚ ਵਿਆਹ ਦੀ ਪ੍ਰਥਾ ਦੇ ਵੀ ਪ੍ਰਤੀਮਾਨ ਬਦਲ ਰਹੇ ਹਨ। ਅੱਜ ਇਹ ਰਿਸ਼ਤੇ emotional bonding ਉੱਤੇ ਨਹੀਂ ਸਗੋਂ ਪ੍ਰੈਕਟਿਕਲ ਹੋ ਕੇ ਬਣਾਏ ਜਾਂਦੇ ਹਨ। ਸਾਥ ਨਾ ਪਸੰਦ ਆਉਣ ਤੇ ਲਾਈਫ਼ ਪਾਰਟਨਰ ਬਦਲ ਲੈਣਾ ਕੋਈ ਵੱਡੀ ਗੱਲ ਨਹੀਂ ਸਮਝੀ ਜਾਂਦੀ ।ਅੱਜ ਦੇ ਨੌਜਵਾਨ ਤਾਂ ਕਈਂ ਵਾਰ ਵਿਆਹ ਨੂੰ ਹੀ ਬੰਧਨ ਤੇ ਬੋਝ ਸਮਝ ਲੈਂਦੇ ਹਨ ਅਤੇ ਲਿਵ ਇਨ ਜਾਂ ਵਿਆਹ ਤੋਂ ਬਿਨਾਂ ਨਾਲ ਰਹਿਣ ਨੂੰ ਵਧੇਰੇ ਯੋਗ ਸਮਝਦੇ ਹਨ। ਕਿਉਂ ਜੋ ਉਸ ਵਿਚ ਹਮੇਸ਼ਾਂ ਇਕ ਦੂਜੇ ਦੇ ਨਾਲ ਰਹਿਣ ਦੀ ਬੰਦਸ਼ ਨਹੀਂ ਹੁੰਦੀ। ਸਾਥ ਪਸੰਦ ਆਏ ਤਾਂ ਰਹੋ ਨਹੀਂ ਤਾਂ ਅੱਡ ਹੋ ਜਾਉ। ਇਸ ਪੱਖੋਂ ਕਹਾਣੀ *ਰਾਣੀ* ਵਿਚ ਆਏ ਹੇਠ ਲਿਖੇ ਉਦਾਹਰਣ ਵੇਖੇ ਜਾ ਸਕਦੇ ਹਨ।

> "ਜੇ ਬੰਦਾ ਜਨਾਨੀ ਨੂੰ ਛੱਡ ਸਕਦੈ ਤਾਂ ਜਨਾਨੀ ਵੀ ਬੰਦੇ ਨੂੰ ਛੱਡ ਸਕਦੀ ਐ।" ਰਾਣੀ ਨੇ ਸਵੈ-ਭਰੋਸੇ ਨਾਲ ਆਖਿਆ।[iv]
>
> ਮੈਨੂੰ ਵਿਆਹ ਇਕ ਬੰਧਕ, ਇਕ ਬੋਝ ਲੱਗ ਰਿਹਾ ਸੀ ਤੇ ਬੱਚੇ ਪੈਦਾ ਕਰ ਕੇ ਮੈਂ ਇਸ ਬੋਝ ਨੂੰ ਹੋਰ ਵਧਾਉਣਾ ਨਹੀਂ ਚਾਹੁੰਦੀ ਸੀ।[v]
>
> ਮੈਨੂੰ ਰਾਣੀ ਦੀ ਪਸੰਦ ਉੱਤੇ ਹੈਰਾਨੀ ਹੋਈ।ਰਾਣੀ ਨੇ ਦੇਬੀ ਵਰਗੇ ਵਿਹਲੜ ਨਾਲ ਵਿਆਹ ਕਿਉਂ ਕਰਾਇਆ। ਮੈਂ ਤਾਂ ਆਪਣੇ ਨਾਲੋਂ ਵੱਧ ਕਮਾਉਣ ਵਾਲੇ ਲੜਕੇ ਨੂੰ ਪਸੰਦ ਕੀਤਾ ਸੀ।[vi]

ਰਿਸ਼ਤਾ ਨਾ ਪਸੰਦ ਆਉਣ ਤੇ ਇਕ ਦੂਜੇ ਉੱਤੇ ਕੇਸ ਕਰਣਾ ਵੀ ਆਮ ਹੈ ।ਅੱਜ ਦੇ ਮਕਾਨਕੀ ਸਮਾਜ ਵਿਚ ਪੈਸੇ ਦੇ ਲੈਣ ਦੇਣ ਤੋਂ ਬਿਨਾਂ ਰਿਸ਼ਤਾ ਬਣਨਾ ਤਾਂ ਦੂਰ, ਰਿਸ਼ਤਿਆਂ ਦਾ ਟੁੱਟਣਾ ਵੀ ਮੁਸ਼ਕਿਲ ਹੈ। ਜੋ ਇਨਸਾਨ ਇੰਨੇ ਸਭ ਤੋਂ ਬਾਅਦ ਵੀ ਆਪਣੇ ਲਈ ਫੈਸਲੇ ਲੈਣ ਦੇ ਸਮਰਥ ਹੈ ਅਤੇ ਪੈਸੇ ਤੇ ਪ੍ਰਾਪਰਟੀ ਵਿਚ ਵਿਸ਼ਵਾਸ ਨਹੀਂ ਕਰਦਾ , ਉਸਨੂੰ ਬੇਵਕੂਫ ਤੇ ਨਾ-ਸਮਝ ਹੀ ਸਮਝਿਆ ਜਾਂਦਾ ਹੈ।

> ਰਾਣੀ ਕਿੰਨੀ ਬੇਵਕੂਫ ਨਿਕਲੀ! ਉਹਨੇ ਦੇਬੀ ਖਿਲਾਫ਼ ਕੋਈ ਕਾਰਵਾਈ ਨੀਂ ਕੀਤੀ। ਮੈਂ ਤਾਂ ਅਮਿਤ ਸਮੇਤ ਸਾਰੇ ਪਰਿਵਾਰ ਨੂੰ ਹਵਾਲਾਤ 'ਚ ਬੰਦ ਕਰਵਾ ਦਿੱਤਾ ਸੀ। ਦਾਜ ਤੇ ਡੋਮੈਸਟਿਕ ਵਾਇਲੈਂਸ ਦੇ, ਘਰੇਲੂ ਹਿੰਸਾ ਦੇ ਝੂਠੇ ਕੇਸ 'ਚ ਫਸਾ ਕੇ।[vii]

ਮੁਹੱਬਤ ਜਾਂ ਇਸ਼ਕ ਦਾ ਰਿਸ਼ਤਾ, ਜਿਸ ਨੂੰ ਵੇਦਾਂ ਦੇ ਜ਼ਮਾਨੇ ਤੋਂ ਹੀ ਬਹੁਤ ਪਾਕ ਤੇ ਪਵਿਤੱਰ ਸਮਝਿਆ ਜਾਂਦਾ ਹੈ, ਵੀ ਅੱਜ ਦੇ ਮਾਰਡਰਨ ਸਮਾਜ ਦੇ ਇਸ ਖੋਖਲੇਪਨ ਤੋਂ ਬਚ ਨਹੀਂ ਸਕਿਆ। ਅੱਜ ਦੇ ਰਤੀ ਭਾਵ ਵਿਚ ਵੀ ਜਿਵੇਂ ਲੋਭ ਤੇ ਸਵੈ ਮਾਣ ਨੇ ਆਪਣੀ ਜਗ੍ਹਾ ਪੱਕੀ ਕਰ ਲਈ ਹੈ:

> ਪਰ ਮੇਰੀ ਕੋਈ ਖਾਸ ਲਵ ਸਟੋਰੀ ਨਹੀਂ । ਕਾਲਜ 'ਚ ਪੜ੍ਹਦਿਆਂ ਮੋਂਟੂ ਨਾਲ ਮੇਰੀ ਫਰੈਂਡਸ਼ਿਪ ਸੀ। ਉਹ ਅਮੀਰ ਘਰ ਦਾ ਮੁੰਡਾ ਸੀ ਤੇ ਇਕ ਨੰਬਰ ਦਾ ਫ਼ਲ੍ਰਟ ਸੀ। ਉਹਨੇ ਪਹਿਲੀਆਂ 'ਚ ਸਾਫ਼ ਦੱਸ ਦਿੱਤਾ ਕਿ "ਮੇਰੀ ਪਹਿਲਾਂ ਵੀ ਦੋ ਕੁੜੀਆਂ ਨਾਲ ਫਰੈਂਡਸ਼ਿਪ ਰਹੀ ਐ। ਮੈਂ ਕਿਸੇ ਵਿਆਹ ਦੇ ਚੱਕਰ 'ਚ ਪੈਣ ਵਾਲਾ ਨਹੀਂ। ਐਸ਼ ਕਰਨੀ ਐ ਤਾਂ ਮੇਰੇ ਨਾਲ ਫਰੈਂਡਸ਼ਿਪ ਕਰ ਸਕਦੀ ਏਂ।"...ਪਰ ਜਦੋਂ ਵਿਆਹ ਦਾ ਮਾਮਲਾ ਹੋਵੇ ਤਾਂ ਪੇਰੈਂਟਸ ਸ਼ਰੀਫ਼ ਤੇ ਕਮਾਊ ਮੁੰਡਾ ਹੀ ਲੱਭਦੇ ਨੇ।... ਤੇ ਮੇਰੇ ਪੱਲੇ ਪਾ ਦਿੱਤਾ ਅਮਿਤ। ਜਿਹੜਾ ਪੜ੍ਹਿਆ ਲਿਖਿਆ ਹੋ ਕੇ ਵੀ ਸੋਲਵੀਂ ਸਦੀ ਦੀ ਸੋਚ ਰੱਖਦਾ ਏ।[viii]

ਸਾਰੀਆਂ ਹੀ ਕਹਾਣੀਆਂ ਵਿਚ ਪਾਤਰ ਦੋ ਧਿਰਾਂ ਵਿਚ ਵੰਡੇ ਹੋਏ ਹਨ। ਇਕ ਪਾਸੇ ਉਹ ਪਾਤਰ ਹਨ ਜੋ ਕਿ ਆਪਣੇ ਸਵੈ ਆਨੰਦ ਨੂੰ ਪ੍ਰਾਥਮਿਕਤਾ ਦਿੰਦੇ ਹਨ ਅਤੇ ਦੂਜੇ ਪਾਸੇ ਉਹ ਪਾਤਰ ਜੋ ਕਿ ਪਰੰਪਰਾ ਅਤੇ ਸਮਾਜਿਕ ਬੰਧਨਾਂ ਵਿਚ ਬੱਝੇ ਹੋਏ ਹਨ। ਦੋਨੋਂ ਹੀ ਤਰ੍ਹਾਂ ਦੇ ਪਾਤਰਾਂ ਨੂੰ ਚਿਤਰਣ ਵਿਚ ਬਰਾੜ ਬਖੂਬੀ ਸਫਲ ਸਿੱਧ ਹੁੰਦਾ ਹੈ। ਕਹਾਣੀ ਦੇ ਪਾਤਰਾਂ ਦੇ ਜੀਵਨ ਵਿਚ ਆਏ ਉਤਾਰ-ਚੜ੍ਹਾਅ, ਓਹਨਾਂ ਦੇ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਅਪਣਾਏ ਗਏ ਸਾਧਨ ਹੀ ਓਹਨਾਂ ਦੇ ਰਿਸ਼ਤਿਆਂ ਦੇ ਆਧਾਰ ਭੂਤ ਕਾਰਣ ਬਣਦੇ ਹਨ। ਕਹਾਣੀ ਦੇ ਉਹ ਪਾਤਰ ਜੋ ਕਿ ਆਪਣੀਆਂ ਵਧਦੀਆਂ ਸਵੈ-ਇੱਛਾਵਾਂ ਅਤੇ ਹੰਕਾਰ ਦੇ ਵਸ ਆ ਕੇ ਦੂਜਿਆਂ ਨੂੰ ਹਾਨੀ ਪਹੁੰਚਾਉਂਦੇ ਹਨ, ਭਾਵੇਂ ਪੈਸਿਆਂ ਅਤੇ ਜਾਇਦਾਦਾਂ ਵਲੋਂ ਰਜੇ ਹੋਏ ਹਨ ਪਰ ਮਾਨਸਿਕ ਪੀੜ੍ਹ ਅਤੇ ਵੇਦਨਾ ਦੇ ਸ਼ਿਕਾਰ ਹਨ। ਉਦਾਹਰਣ ਦੇ ਤੌਰ ਤੇ ਰਾਣੀ ਕਹਾਣੀ ਵਿਚਲੀ ਮੈਡਮ, ਜਿਸ ਕੋਲ ਚੰਗੀ ਨੌਕਰੀ ਹੈ, ਆਪਣਾ ਘਰ ਹੈ, ਆਪਣੀ ਐਸ਼ ਪਰਸਤੀ ਵੀ ਪੂਰੀ ਹੈ, ਉਹ ਸਿਗਰੇਟ ਪੀਂਦੀ ਹੈ, ਸ਼ਰਾਬ ਵੀ ਪੀਂਦੀ ਹੈ, ਐਸ਼ ਕਰਣ ਲਈ ਮੁੰਡੇ ਨਾਲ ਅਫੇਅਰ ਵੀ ਕਰ ਚੁਕੀ ਹੈ, ਪਤੀ ਦੇ ਪੁਰਾਣੇ ਖਿਆਲ

ਦਾ ਹੋਣ ਕਾਰਣ ਉਸਨੂੰ ਛੱਡ ਵੀ ਚੁਕੀ ਹੈ ਅਤੇ ਪੈਸੇ ਤੇ ਜਾਇਦਾਦ ਵਿਚ ਹਿੱਸਾ ਲੈਣ ਲਈ ਆਪਣੇ ਪਤੀ ਅਤੇ ਉਸਦੇ ਪਰਿਵਾਰ ਤੇ ਕੇਸ ਵੀ ਕਰ ਚੁਕੀ ਹੈ ਪਰ ਮਾਨਸਿਕ ਤੌਰ ਉੱਤੇ ਸੰਤੁਸ਼ਟ ਨਹੀਂ ਹੈ। ਇਸਦੇ ਉਲਟ, ਰਾਣੀ ਜੋ ਕਿ ਆਪਣੇ ਫੈਸਲੇ ਲੈਣ ਦੇ ਸਮਰਥ ਹੈ। ਪਤੀ ਦੀ ਸੇਵਾ ਵੀ ਕਰਦੀ ਹੈ, ਬੱਚੇ ਵੀ ਪਾਲ ਰਹੀ ਹੈ, ਆਪਣੇ ਪਤੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਵੀ ਰਚਾਉਂਦੀ ਹੈ। ਪਰ ਜਦ ਦੂਜੇ ਪਤੀ ਵਲੋਂ ਧੋਖਾ ਮਿਲਦਾ ਹੈ ਤਾਂ ਉਸਤੋਂ ਕੁਛ ਵੀ ਲੈਣ ਦੀ ਬਜਾਏ, ਉਸਨੂੰ ਛੱਡ ਕੇ ਅੱਗੇ ਵੱਧਣ ਅਤੇ ਆਪਣੀ ਖੁਸ਼ੀ ਵੇਖਣ ਬਾਰੇ ਸੋਚਦੀ ਹੈ। ਉਹ ਭਵੇਂ ਝਾੜੂ ਪੋਛਾ ਹੀ ਕਰਦੀ ਹੈ ਪਰ ਜ਼ਿਹਨੀ ਅਤੇ ਮਾਨਸਿਕ ਤੌਰ ਉੱਤੇ ਪੂਰਣ ਰੂਪ ਵਿਚ ਸੰਤੁਸ਼ਟ ਹੈ।

ਇਸ ਤਰ੍ਹਾਂ ਅਸੀ ਦੇਖ ਸਕਦੇ ਹਾਂ ਕਿ ਰਾਣੀ ਕਹਾਣੀ ਦੀ ਮੈਡਮ ਵਰਗੇ ਜੋ ਪਾਤਰ ਮਾਰਡਨ ਹੋਣ ਦੇ ਨਾਮ ਤੇ ਪੱਛਮੀ ਸਮਾਜ ਦੀ ਨਕਲ ਕਰਣ ਦੀ ਕੋਸ਼ਿਸ਼ ਕਰਦੇ ਹਨ ਪਰ ਨਾ ਉਹ ਪੂਰੀ ਤਰ੍ਹਾਂ ਮਾਰਡਨ ਹੋ ਪਾਉਂਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਪਰੰਪਰਾਗਤ ਹੀ ਰਹਿ ਪਾਉਂਦੇ ਹਨ ।ਨਤੀਜੇ ਵਜੋਂ ਉਹ ਮਾਨਸਿਕ ਦੁਚਿੱਤੀ ਦਾ ਸ਼ਿਕਾਰ ਹੁੰਦੇ ਹਨ ।ਇਸਦੇ ਉਲਟ ਰਾਣੀ ਵਰਗੇ ਪਾਤਰ ਜੋ ਪਰੰਪਰਾ ਅਤੇ ਮਾਰਡਨ ਵਿਚਾਲੇ ਸੰਤੁਲਨ ਬਣਾ ਕੇ ਰੱਖਦੇ ਹਨ ਉਹ ਨਾ ਸਿਰਫ਼ ਆਪਣੇ ਫੈਸਲੇ ਆਪ ਲੈ ਸਕਦੇ ਹਨ ਸਗੋਂ ਮਾਨਸਿਕ ਤੌਰ ਉੱਤੇ ਸੰਤੁਸ਼ਟ ਵੀ ਹਨ।

ਰਿਸ਼ਤਿਆਂ ਵਿਚ ਆਉਂਦੀਆਂ ਇਹਨਾਂ ਤਬਦੀਲੀਆਂ ਦੀ ਅੱਗ ਸਿਰਫ਼ ਸ਼ਹਿਰਾਂ ਤਕ ਹੀ ਸੀਮਿਤ ਨਹੀਂ ਸਗੋਂ ਇਹਨਾਂ ਦਾ ਸੇਕ ਪਿੰਡਾਂ ਤਕ ਵੀ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਹੀ ਕਾਰਣ ਹੈ ਕਿ ਪਿੰਡ ਦੇ ਸਿੱਧੇ ਸਾਧੇ ਲੋਕ ਵੀ ਇਸਦੀ ਚਪੇਟ ਵਿਚ ਆਉਣੋਂ ਨਹੀਂ ਬਚ ਸਕੇ ।ਲੇਖਕ ਆਪਣੀਆਂ ਕਹਾਣੀਆਂ ਵਿਚ ਉਹਨਾਂ ਤਬਦੀਲੀਆਂ ਦਾ ਵੀ ਜ਼ਿਕਰ ਕਰਦਾ ਹੈ ਜੋ ਕਿ ਸਭ ਦੀ ਧੀ ਨੂੰ ਆਪਣੀ ਧੀ ਮਨੰਣ ਵਾਲੇ, ਮਿਲ ਜੁਲ ਕੇ ਰਹਿਣ ਵਾਲੇ ਅਤੇ ਹਰ ਜਸ਼ਨ ਤੇ ਖੁਸ਼ੀ ਨੂੰ ਇਕੱਠਿਆਂ ਮਨਾਉਣ ਵਾਲੇ ਇਹਨਾਂ ਪਿੰਡ ਦੇ ਲੋਕਾਂ ਦੇ ਆਚਰਣ ਵਿਚ ਗਿਰਾਵਟ ਲਿਆ ਰਹੇ ਹਨ। ਕਹਾਣੀ ਪੋਸਟਮਾਰਟਮ ਦੀਆਂ ਹੇਠ ਲਿਖੀਆਂ ਸਤਰਾਂ ਨੂੰ ਲਿਆ ਜਾ ਸਕਦਾ ਹੈ।

> ਹੁਣ ਪਿੰਡਾਂ ਵਿਚ ਵਿਆਹ ਘੱਟ ਹੋਣ ਲੱਗੇ ਅਤੇ ਸੱਥਰ ਜ਼ਿਆਦਾ ਵਿਛਣ ਲੱਗੇ। ਵਿਆਹਾਂ ਦੀ ਰੌਣਕ ਤਾਂ ਪਹਿਲਾਂ ਹੀ ਪਿੰਡਾਂ 'ਚੋਂ ਮੁੱਕ ਗਈ ਸੀ ਕਿਉਂਕਿ ਵਿਆਹ ਹੁਣ ਪਿੰਡਾਂ ਦੇ ਘਰਾਂ ਵਿਚ ਨਹੀਂ, ਸਗੋਂ ਸ਼ਹਿਰਾਂ ਵਿਚ ਬਣੇ ਮੈਰਿਜ਼ ਪੈਲਸਾਂ ਵਿਚ ਹੋਣ ਲੱਗ ਪਏ ਸਨ।ਵਿਆਹ ਵਾਲੇ ਘਰ ਤਾਂ ਵਿਆਹ ਵਾਲੇ ਦਿਨ ਜਿੰਦਰਾ ਵੱਜਿਆ ਹੁੰਦਾ ਅਤੇ ਚੁੱਪ-ਚਾਂਦ ਵਰਤੀ ਹੁੰਦੀ। ਮੈਰਿਜ਼ ਪੈਲਸਾਂ ਵਿਚ ਡੀ ਜੇ ਦੇ ਕੰਨ ਪਾੜਵੇਂ ਸੰਗੀਤ 'ਤੇ ਕਿਰਾਏ ਦੀਆਂ ਅਧਨੰਗੀਆਂ ਕੁੜੀਆਂ ਨਾਲ ਸ਼ਰਾਬੀ ਭੰਗੜੇ ਪਾਉਂਦੇ, ਨੋਟਾਂ ਦਾ ਮੀਂਹ ਵਰ੍ਹਾਉਂਦੇ ਅਤੇ ਫਾਇਰ ਕਰਦੇ। ਗਭਰੂ ਮੁੰਡਿਆਂ ਦੀ ਗੱਲ ਛੱਡੋ, ਚਿੱਟੀਆਂ ਦਾੜ੍ਹੀਆਂ ਵਾਲੇ ਵੀ ਬੇਸ਼ਰਮੀ ਦੀਆਂ ਹੱਦਾਂ ਪਾਰ ਕਰ ਜਾਂਦੇ ਹਨ।[ix]

ਸੋਸ਼ਲ ਮੀਡੀਆਂ ਦੇ ਮਾਇਆ ਜਾਲ ਨੂੰ ਦਰਸ਼ਾਉਂਦੀ ਬਰਾੜ ਦੀ ਕਹਾਣੀ *ਝੂਠ ਦੇ ਆਰ ਪਾਰ* ਵੀ ਰਿਸ਼ਤਿਆਂ ਦੇ ਨਜ਼ਰੀਏ ਤੋਂ ਜ਼ਰੂਰੀ ਹੈ।ਇਹ ਕਹਾਣੀ ਵਾਸਤਵਿਕਤਾ ਨਾਲੋਂ ਟੁੱਟੇ ਓਹਨਾਂ ਪਾਤਰਾਂ ਦੀ ਹੈ ਜੋ ਕਿ ਵਾਸਤਵਿਕਤਾ ਵਿਚ ਨਹੀਂ ਸਗੋਂ ਹਾਈਪਰ ਰੀਏਲਿਟੀ (hyper reality) ਵਿਚ ਜੀ ਰਹੇ ਹਨ।ਇਹ ਪਾਤਰ ਰਿਸ਼ਤੇ ਸੋਚ ਸਮਝ ਕੇ,ਇਕ ਦੂਜੇ ਨੂੰ ਜਾਣ ਕੇ ਅਤੇ ਦਿਲ ਵੇਖ ਕੇ ਨਹੀਂ ਸਗੋਂ ਝੂਠ ਦੇ ਜਾਵੀਏ ਨਾਲ ਬਣਾਉਂਦੇ ਹਨ। ਕਹਾਣੀ ਦੀ ਪਾਤਰ ਮਨਦੀਪ ਟਯੂਸ਼ਨ ਪੜ੍ਹਨ ਆਈਆਂ ਕੁੜੀਆਂ ਨੂੰ ਚਿੜ੍ਹਾਣ ਲਈ ਫੇਸਬੁੱਕ ਤੇ ਆਪਣੇ ਲਈ ਬੁਆਏ ਫਰੈਂਡ ਲਭਦੀ ਹੈ। ਉਹ ਕਿਸੇ ਅਜਨਬੀ ਨੂੰ ਆਪਣਾ ਬੁਅਏ ਫਰੈਂਡ ਇਸ ਆਧਾਰ ਤੇ ਬਣਾਉਣਾ ਲੋਚਦੀ ਹੈ ਕਿ ਉਸਦਾ ਨਾਮ ਤੇ ਸਰਨੇਮ ਆਕਰਸ਼ਕ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ ਇਥੇ ਰਿਸ਼ਤਿਆਂ ਦੀ ਨੀਂਹ ਬੰਦੇ ਦੇ ਸੁਭਾਅ ਅਤੇ ਪਿਆਰ ਕਾਰਣ ਨਹੀਂ ਸਗੋਂ, ਉਸਦਾ ਸਟੇਟਸ ਸੋਸ਼ਲ ਮੀਡੀਆ ਤੇ ਵੇਖ ਕੇ, ਇਕ ਝੂਠ ਦੁਆਲੇ ਸਿਰਜੀ ਜਾ ਰਹੀ ਹੈ ।ਮਨਦੀਪ ਰਿਸ਼ਤਾ ਬਣਾ ਤਾਂ ਲੈਂਦੀ ਹੈ ਅਤੇ ਇਕ ਦੂਜੇ ਨੂੰ ਬਿਨਾ ਮਿਲੇ, ਬਿਨਾ ਫੋਨ ਤੇ ਗੱਲ ਕੀਤੇ ਇਹ ਰਿਸ਼ਤਾ ਅੱਗੇ ਵੀ ਵੱਧ ਜਾਂਦਾ ਹੈ ਪਰ ਸਾਰੀ ਕਹਾਣੀ ਵਿਚ ਉਹ ਇਸੀ ਕਸ਼ਮਕਸ਼ ਵਿਚ ਰਹਿੰਦੀ ਹੈ ਕਿ ਖੌਰੇ ਦਿਲਜੀਤ ਸਚ ਵੀ ਬੋਲ ਰਿਹਾ ਹੈ ਜਾਂ ਨਹੀਂ ।ਉਸਦੀ ਫੇਸਬੁਕ ਵਾਲੀ ਫੋਟੋ ਸੱਚੀ ਹੈ ਜਾਂ ਝੂਠੀ ।

ਇਸੀ ਹਾਈਪਰ ਰੀਏਲਿਟੀ ਬਾਰੇ ਪ੍ਰੋ. ਰਵਿੰਦਰ ਸਿੰਘ ਆਪਣੇ ਲੇਖ ਵਿਚ ਹੇਠ ਲਿਖੇ ਸ਼ਬਦਾਂ ਵਿਚ ਲਿਖਦੇ ਹਨ:

> ਸਾਡੀ ਯੁਵਾ ਪੀੜ੍ਹੀ ਅੱਜ ਇਕ ਵੱਖਰੀ ਕਿਸਮ ਦੇ ਕਲਪਿਤ ਯਥਾਰਥ ਵਿਚ ਜਿਉਂ ਰਹੀ ਹੈ। ਇਹ ਅਜਿਹੇ ਮਨੋਸਿਰਜਿਤ ਵਾਤਾਵਰਣ ਵਿਚ ਜੀਅ ਰਹੀ ਹੈ ਜੋ ਅਤਿ-ਯਥਾਰਥ (ਹਾਈਪਰ ਰੀਏਲਿਟੀ) ਤੋਂ ਵੀ ਅਗਾਂਹ ਹੈ ।ਇਸ ਸਮੇਂ ਇਹ ਸਥਿਤੀ ਸਿਰਫ਼ ਵੱਡੇ ਸ਼ਹਿਰਾਂ ਤਕ ਹੀ ਸੀਮਿਤ ਨਹੀਂ ਰਹੀ ਸਗੋਂ ਛੋਟੇ ਛੋਟ ਕਸਬਿਆਂ ਅਤੇ ਪਿੰਡਾਂ ਦੀ ਵੀ ਹੁੰਦੀ ਜਾ ਰਹੀ ਹੈ।[x]

ਉਹ ਅੱਗੇ ਲਿਖਦੇ ਹਨ ਕਿ ਅਸਲ ਵਿਚ ਮਾਨਵੀ ਅਨੁਭਵ ਯਥਾਰਥ ਦੀ ਨਕਲ ਹੀ ਹੈ :

> ਬੌਦਰੀਲਦ ਨੇ ਚਿਹਨ-ਵਿਗਿਆਨਕ ਅਧਿਐਨ ਰਾਹੀਂ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ ਕਿ ਸਾਡੇ ਵਰਤਮਾਨ ਸਮਾਜ ਨੇ ਸਾਰੇ ਯਥਾਰਥ ਅਤੇ ਅਰਥ ਨੂੰ ਬਿੰਬਾਂ ਤੇ ਸੰਕੇਤਾਂ ਨਾਲ ਬਦਲ ਦਿੱਤਾ ਹੈ ਜਿਸ ਕਰਕੇ ਮਾਨਵੀ ਅਨੁਭਵ ਯਥਾਰਥ ਦੀ ਨਕਲ ਹੀ ਹੈ।[xi]

### 4. ਨਿਸ਼ਕਰਸ਼:

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਬਲਵਿੰਦਰ ਸਿੰਘ ਬਰਾੜ ਦੀਆਂ ਇਹ ਕਹਾਣੀਆਂ ਅੱਜ ਦੇ ਸਮਾਜ ਵਿਚ ਪਸਰ ਰਹੇ ਹਾਲਾਤਾਂ ਕਾਰਣ ਰਿਸ਼ਤਿਆਂ ਵਿਚ ਆਏ ਬਦਲਾਵਾਂ ਨੂੰ ਬਖੂਬੀ ਬਿਆਨ ਕਰਦੀਆਂ ਨਜ਼ਰ ਆਉਂਦੀਆਂ ਹਨ। ਇਹਨਾਂ ਕਹਾਣੀਆਂ ਵਿਚ ਇਕੋ ਵੇਲੇ ਪਰੰਪਰਾਗਤ ਪੱਧਰ ਤੇ ਵਿਚਰ ਰਹੇ ਪਾਤਰ ਅਤੇ ਮਾਰਡਨ ਸਮਾਜ ਵਿਚ ਵਿਚਰ ਰਹੇ ਪਾਤਰ ਇਕੋ ਜਿੰਨੀ ਸਮਰਥਾ ਨਾਲ ਪੇਸ਼ ਹੁੰਦੇ ਹਨ। ਇਹ ਪਾਤਰ ਕਦੀ ਦੁਖੀ, ਕਦੀ ਸੁਖੀ ਹੁੰਦੇ, ਰਿਸ਼ਤਿਆਂ ਦੇ ਹੱਥੋਂ ਡੰਗੇ ਜਾਂਦੇ ਤੇ ਫਿਰ ਅਖੀਰ ਖੁਦ ਨੂੰ ਸੰਭਾਲਦੇ ਨਜ਼ਰ ਆਉਂਦੇ ਹਨ। ਬਰਾੜ ਦੀ ਖਾਸੀਅਤ ਇਸ ਗੱਲ ਵਿਚ ਹੈ ਕਿ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਉਹ ਪਾਤਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਤੱਣ ਲਗਾ ਹੀ ਦਿੰਦਾ ਹੈ। ਇਸਦੇ ਪਾਤਰ ਜ਼ਿੰਦਗੀ ਦੀ ਹਕੀਕਤ ਨੂੰ ਹੰਡਾ ਕੇ ਤੇ ਹਕੀਕਤਾਂ ਚੋਂ ਗੁਜ਼ਰ ਕੇ ਆਪਣੀ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕਰਣ ਦਾ ਹੀਆ ਕਰਦੇ ਨਜ਼ਰ ਆਉਂਦੇ ਹਨ।

### ਹਵਾਲੇ ਤੇ ਟਿੱਪਣੀਆਂ:

---

[i] ਬਰਾੜ ਬਲਵਿੰਦਰ ਸਿੰਘ, ਝੂਠ ਦੇ ਆਰ ਪਾਰ, ਪੰਨਾ 28

[ii] ਉਹੀ, ਪੰਨਾ 51

[iii] ਉਹੀ, ਪੰਨਾ 59

[iv] ਉਹੀ, ਪੰਨਾ 81

[v] ਉਹੀ, ਪੰਨਾ 88

[vi] ਉਹੀ, ਪੰਨਾ 82

[vii] ਉਹੀ, ਪੰਨਾ 90

[viii] ਉਹੀ, ਪੰਨਾ 84

[ix] ਉਹੀ, ਪੰਨਾ 38

[x] ਪ੍ਰੋਫੈਸਰ ਰਵਿੰਦਰ ਸਿੰਘ, ਯਥਾਰਥ, ਅਤਿ ਯਥਾਰਥ ਅਤੇ ਕਲਪਿਤ ਯਥਾਰਥ, ਯੁਵਾ ਪੀੜ੍ਹੀ ਦਾ ਸਮਾਜ ਸਭਿਆਚਾਰਕ ਸੰਕਟ, ਪੰਨਾ 1

[xi] ਉਹੀ, ਪੰਨਾ 4